*ਗੁਰਚਰਨਜੀਤ ਸਿੰਘ ਲਾਂਬਾ*
*ਐਡੀਟਰ ਪੰਥਕ ਮਾਸਕ ਪੱਤਰ 'ਸੰਤ ਸਿਪਾਹੀ'*

# ਸ੍ਰੀ ਦਸਮ ਗ੍ਰੰਥ ਸਾਹਿਬ–ਪ੍ਰਿੰਸੀਪਲ ਹਰਿਭਜਨ ਸਿੰਘ ਜੀ ਦੀ ਜ਼ਬਾਨੀ

ਪ੍ਰਿੰਸੀਪਲ ਹਰਿਭਜਨ ਸਿੰਘ ਜੀ ਇਕ ਅਦੁੱਤੀ ਸਖ਼ਸ਼ੀਅਤ ਤੇ ਗੁਰਮਤਿ ਸਾਹਿਤ ਤੇ ਪ੍ਰਮਾਣੀਕ ਵਿਆਖਿਆਕਾਰ ਹੋ ਨਿਬੜੇ ਹਨ। ਆਪਣੀ ਵਿਦਵਤਾ ਤੇ ਗੁਰਬਾਣੀ ਗਿਆਨ ਵਿੱਚ ਅਰਜਿਤ ਕੀਤੀ ਵਿਸ਼ੇਸ਼ਤਾਈਆਂ ਸਦਕਾ ਆਪ ਜੀ ਸ਼੍ਰੋਮਣੀ ਕਮੇਟੀ ਦੇ ਸਲਾਹਕਾਰ, ਪ੍ਰਚਾਰਕ ਅਤੇ ਕਈ ਹੋਰ ਅਹੁਦਿਆਂ 'ਤੇ ਕਾਰਜਰਤ ਰਹਿਣ ਦੇ ਇਲਾਵਾ ਸ਼੍ਰੋਮਣੀ ਕਮੇਟੀ ਵੱਲੋਂ ਸਥਾਪਤ ਕੀਤੇ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦੇ ਪ੍ਰਧਾਨਾਚਾਰਯਾ ਵੀ ਰਹੇ ਜਿਸ ਕਰਕੇ ਜਿਸ ਦੀ ਆਪ ਜੀ ਪਛਾਣ 'ਪ੍ਰਿੰਸੀਪਲ ਕਰਕੇ ਮਕਬੂਲ ਹੋਈ। ਇਸ ਸਾਰੇ ਕਾਰਜ ਕਾਲ ਦੌਰਾਨ ਆਪ ਜੀ ਨੇ ਆਪਣੇ ਪ੍ਰਚਾਰ ਅਤੇ ਪ੍ਰਸਾਰ ਰਾਹੀਂ ਹਰ ਲਿਖਤ ਦਾ ਅਧਾਰ ਸਿੱਖ ਪੰਥ ਦੇ ਦੋ ਮੂਲ ਸ੍ਰੋਤ ਗ੍ਰੰਥਾਂ *ਸ੍ਰੀ ਗੁਰੂ ਗ੍ਰੰਥ ਸਾਹਿਬ* ਅਤੇ *ਦਸਮ ਗ੍ਰੰਥ ਸਾਹਿਬ* ਦੀ ਬਾਣੀ ਨੂੰ ਬਣਾਇਆ। *ਦਸਮ ਗ੍ਰੰਥ ਸਾਹਿਬ* ਨੂੰ ਆਪ ਜੀ ਨੇ ਆਪਣੀਆਂ ਲਿਖਤਾਂ ਵਿੱਚ *ਸ੍ਰੀ ਦਸਮ ਗ੍ਰੰਥ ਸਾਹਿਬ* ਕਹਿ ਕੇ ਮੁਖਾਤਬ ਕੀਤਾ ਤੇ ਸਤਿਕਾਰਿਆ। ਇਸ ਵਿੱਚੋਂ ਉਚੇਚੇ ਤੌਰ 'ਤੇ *ਅਕਾਲ ਉਸਤਤਿ, ਜਾਪ ਸਾਹਿਬ, ਵਾਰ ਸ੍ਰੀ ਭਗਉਤੀ ਜੀ ਕੀ, ਬਚਿਤ੍ਰ ਨਾਟਕ, ਚੌਪਈ, ਚਰਿਤ੍ਰੋਪਾਖਿਯਾਨ* ਆਦਿ ਦੇ ਹਵਾਲੇ ਵਾਰ-ਵਾਰ ਬਤੌਰੇ ਗੁਰਬਾਣੀ ਦੇ ਆਪ ਜੀ ਨੇ ਦਿੱਤੇ ਹਨ। ਇਸ ਦਾ ਕਾਰਨ ਇਕਦਮ ਸਪੱਸ਼ਟਹੈ ਕਿਉਂਕਿ ਸਿੱਖਦਾ ਜੀਵਨ ਅਧਾਰ, ਉਸਦਾ ਜਨਮ, ਉਸਦਾ ਨਿਤਨੇਮ ਸਭ ਬਾਣੀ ਤੇ ਅਧਾਰਿਤ ਹੈ। ਨਿਤਨੇਮ ਤੇ ਅੰਮ੍ਰਿਤ ਛਕਾਉਣ ਦੀਆਂ ਪੰਜ ਬਾਣੀਆਂ ਦਾ ਸੋਮਾ *ਸ੍ਰੀ ਗੁਰੂ ਗ੍ਰੰਥ ਸਾਹਿਬ* ਤੇ *ਦਸਮ ਗ੍ਰੰਥ ਸਾਹਿਬ* ਹੈ।

ਇਸ ਤੋਂ ਇਲਾਵਾ ਇਕ ਗੱਲ ਹੋਰ ਸਪੱਸ਼ਟ ਹੈ ਕਿ ਪੰਥ ਪ੍ਰਵਾਨਤ ਸਿੱਖ ਰਹਿਤ ਮਰਿਯਾਦਾ ਮੁਤਾਬਕ *ਸ੍ਰੀ ਗੁਰੂ ਗ੍ਰੰਥ ਸਾਹਿਬ* ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ 'ਤੇ ਨਿਸ਼ਚਾ ਰੱਖਣ ਵਾਲਾ ਅਤੇ ਇਸ ਨੂੰ ਆਪਣਾ ਮੁਕਤੀ ਦਾਤਾ ਮੰਨਣ ਵਾਲਾ ਹੀ ਸਿੱਖ ਹੈ। ਅੰਮ੍ਰਿਤ ਛਕਾਉਣ ਲੱਗਿਆਂ ਵੀ ਸਿੱਖ ਰਹਿਤ ਮਰਿਯਾਦਾ ਮੁਤਾਬਕ ਦੱਸਿਆ ਜਾਂਦਾ ਹੈ, "...ਦਸੋਂ ਗੁਰੂ ਸਾਹਿਬਾਨ ਨੂੰ ਤੇ ਉਨ੍ਹਾਂ ਦੀ ਬਾਣੀ ਤੋਂ ਬਿਨਾਂ ਕਿਸੇ ਹੋਰ ਨੂੰ ਆਪਣਾ ਮੁਕਤੀ ਦਾਤਾ ਨਹੀਂ ਮੰਨਣਾ।' ਕੀ ਇਸ ਤੋਂ ਇਹ ਪ੍ਰਗਟ ਨਹੀਂ ਕਿ ਜੇਕਰ ਕੋਈ ਦਸਮ ਪਾਤਸ਼ਾਹ ਦੀ ਬਾਣੀ ਤੋਂ ਮੁਨਕਰ ਹੋਏ ਤਾਂ ਉਹ ਸਿੱਖ ਰਹਿਤ ਮਰਿਯਾਦਾ ਮੁਤਾਬਿਕ ਸਿੱਖ ਅਖਵਾਉਣ ਦਾ ਹੱਕਦਾਰ ਨਹੀਂ ਹੈ। *ਸਿੱਖ ਰਹਿਤ ਮਰਿਯਾਦਾ* ਵਿੱਚ ਸਿੱਖ ਦੀ ਪਰਿਭਾਸ਼ਾ ਇਸ ਤਰ੍ਹਾਂ ਹੈ–

*ਸਿੱਖ ਰਹਿਤ ਮਰਿਯਾਦਾ* ਅਨੁਸਾਰ ਸਿੱਖ ਦੀ ਤਾਰੀਫ਼-ਜੋ ਇਸਤਰੀ ਜਾਂ ਪੁਰਸ਼ ਇਕ ਅਕਾਲ ਪੁਰਖ਼, ਦਸ ਗੁਰੂ ਸਾਹਿਬਾਨ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਤੱਕ) *ਸ੍ਰੀ ਗੁਰੂ ਗ੍ਰੰਥ ਸਾਹਿਬ* ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ 'ਤੇ ਸਿੱਖਿਆ ਤੇ ਦਸਮੇਸ਼ ਜੀ ਦੇ ਅੰਮ੍ਰਿਤ ਉੱਤੇ ਨਿਸ਼ਚਾ ਰੱਖਦਾ ਅਤੇ ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ, ਉਹ ਸਿੱਖ ਹੈ।......'

ਸੋ ਇਸ ਪਰਿਭਾਸ਼ਾ ਅਨੁਸਾਰ ਜੇਕਰ ਕੋਈ ਵਿਅਕਤੀ ਦਸ ਗੁਰੂ ਸਾਹਿਬਾਨ ਦੀ ਬਾਣੀ, ਜਿਸ ਵਿੱਚ ਕਲਗੀਧਰ ਪਿਤਾ ਦੀ ਬਾਣੀ ਵੀ ਸ਼ਾਮਿਲ ਹੈ, ਨੂੰ ਆਪਣਾ ਮੁਕਤੀ ਦਾਤਾ ਮੰਨਣਾ ਸਿੱਖ ਦਾ ਮੁੱਢਲਾ ਫ਼ਰਜ਼ ਹੈ ਜਿਸ ਦਾ ਪ੍ਰਚਾਰ ਪ੍ਰਿੰਸੀਪਲ ਸਾਹਿਬ ਨੇ ਕੀਤਾ।

ਇਸ ਪਿਛੋਕੜ ਵਿੱਚ ਪ੍ਰਿੰਸੀਪਲ ਸਾਹਿਬ ਨੇ *ਸ੍ਰੀ ਗੁਰੂ ਗ੍ਰੰਥ ਸਾਹਿਬ* ਵਿੱਚ ਅਗਾਧ ਸ਼ਰਧਾ ਰੱਖਣ ਦੇ ਨਾਲ-ਨਾਲ *ਸ੍ਰੀ ਦਸਮ ਗ੍ਰੰਥ ਸਾਹਿਬ* ਦੀਆਂ ਰਚਨਾਵਾਂ ਨੂੰ ਵੀ ਗੁਰਬਾਣੀ ਜਾਣਕੇ ਅੰਨਿਨ ਸ਼ਰਧਾ ਤੇ ਸਤਿਕਾਰ ਦਿੱਤਾ। ਇਸ ਦੀ ਪੁਸ਼ਟੀ ਕਰਦਿਆਂ ਆਪ ਜੀ ਦੀਆਂ ਅਣਗਿਣਤ ਰਚਨਾਵਾਂ ਗੁਰਦੁਆਰਾ ਗਜ਼ਟ, ਗੁਰਮਤਿ ਪ੍ਰਕਾਸ਼ ਤੇ ਆਪ ਵੱਲੋਂ ਰਚੀਆਂ ਪੁਸਤਕਾਂ *ਵਿਸ਼ੇਸ਼ ਗੁਰਮਤਿ ਲੇਖ, ਗੁਰਮਤਿ ਵਿਆਖਿਆਨ, ਦਸਗੁਰ ਰਤਨਾਵਲੀ* ਆਦਿ ਵਿੱਚ ਸਾਂਭੀਆਂ ਪਈਆਂ ਹਨ। ਆਪ ਜੀ ਦੀ ਰੋਸ਼ਨ ਦਿਮਾਗ਼ੀ ਅਤੇ ਜ਼ਹਾਨਤ ਦਾ ਪ੍ਰਗਟਾਵਾ ਕਰਦੀਆਂ ਇਹ ਰਚਨਾਵਾਂ ਗੁਰਮਤਿ ਸਿਧਾਂਤ ਤੇ ਸਿੱਖ ਫ਼ਲਸਫ਼ੇ ਦੀ ਸਹੀ ਵਿਆਖਿਆ ਤੇ ਤਰਜਮਾਨੀ ਕਰਦੀਆਂ ਹਨ। ਸੱਚ ਸਦੀਵੀ ਹੁੰਦਾ ਹੈ ਤੇ ਕਦੀ ਪੁਰਾਣਾ ਨਹੀਂ ਹੁੰਦਾ। ਇਸ ਲਈ ਪ੍ਰਿੰਸੀਪਲ ਸਾਹਿਬ ਵੱਲੋਂ ਆਪ ਜੀ ਦੇ ਬਤੌਰੇ ਸ਼੍ਰੋਮਣੀ ਕਮੇਟੀ ਤੇ ਪੰਥਕ ਸੰਸਥਾਵਾਂ ਦੀ ਸੇਵਾ ਦੌਰਾਨ ਗੁਰਮਤਿ ਦੀ ਪੰਥ ਪ੍ਰਵਾਨਤ ਵਿਆਖਿਆ ਤੇ ਲਿਖਤਾਂ ਦਾ ਜੋ ਪ੍ਰਚਾਰ ਪ੍ਰਸਾਰ ਕੀਤਾ ਗਿਆ ਉਹ ਟਕਸਾਲੀ ਤੇ ਸਦੀਵ ਸਤਿਕਾਰਤ ਹੈ। ਇਸ ਗੱਲ ਨੂੰ ਵਿਚਾਰ ਗੋਚਰੇ ਰੱਖਦਿਆਂ ਆਪ ਜੀ ਨੇ ਆਪਣੀ ਪੁਸਤਕ *ਦਸਗੁਰ ਰਤਨਾਵਲੀ* ਦੇ ਪੰਨਾ 13 ਅਤੇ 19 'ਤੇ ਚੇਤਾਵਨੀ ਵੀ ਦਿੱਤੀ,

**ਸਭ ਤੋਂ ਘਟੀਆ ਤੇ ਕੌਮਾਂ ਨੂੰ ਭੰਬਲ ਭੂਸਿਆਂ ਵਿੱਚ ਪਾ ਕੇ ਭਟਕਾਉਣ ਵਾਲੇ ਉਹ ਇਤਿਹਾਸ-ਖੋਜੀ ਸੱਜਣ ਹਨ ਜੋ ਬਿਨਾਂ ਕਿਸੇ ਪਹਿਲੇ ਲਿਖੇ ਇਤਿਹਾਸ ਦੇ ਹਵਾਲੇ ਦੇ, ਸਦੀਆਂ ਬਾਅਦ, ਕੋਲੋਂ ਹੀ ਘਟਨਾਵਾਂ ਘੜਦੇ ਤੇ ਆਪਣੇ ਕਿਆਫ਼ਿਆਂ ਦੇ ਅਧਾਰ ਉੱਤੇ ਇਤਿਹਾਸ ਨੂੰ ਰੰਗਦੇ ਤੇ ਪੁਸਤਕਾਂ ਰਚੀ ਜਾਂਦੇ ਹਨ।... ਲਿਖਾਰੀ ਸੱਜਣਾਂ ਨੂੰ ਲਿਖਣ ਦੀ ਖ਼ਾਤਿਰ ਲਿਖਣੋਂ ਜਾਂ ਸਸਤੀ ਪ੍ਰਸਿੱਧਤਾ ਪ੍ਰਾਪਤੀ ਦੀ ਰੁਚੀ ਨਾਲ 'ਬਾਬੇ' ਦੀਆਂ ਇਤਿਹਾਸਕ ਘਟਨਾਵਾਂ ਨੂੰ ਇਕ ਸੁਰ ਕਰਕੇ ਬਿਆਨਣ ਦੀ ਥਾਂ, ਹੋਰ ਪਾੜੇ ਪਾਉਣੋਂ ਸੰਕੋਚ ਕਰਨਾ ਚਾਹੀਦਾ ਹੈ।**

ਪੰਥ ਵਿਰੋਧੀ ਅਨਸਰਾਂ ਵੱਲੋਂ ਗੁਰਬਾਣੀ ਖ਼ਾਸ ਕਰਕੇ ਦਸਮ ਪਾਤਸ਼ਾਹ ਦੀ ਬਾਣੀ ਦੇ ਖਿਲਾਫ਼ ਕਈ ਕਿਸਮ ਦੇ ਭਰਮ ਭੁਲੇਖੇ ਖੜ੍ਹੇ ਕਰਨ ਦੇ ਉਪਰਾਲੇ ਕੀਤੇ ਗਏ ਜਿਸ ਦਾ ਜਵਾਬ ਪੰਥ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਦੇ ਰੂਪ ਵਿੱਚ ਸਾਹਮਣੇ ਆਇਆ। ਆਪ ਜੀ ਨੂੰ ਇਸ ਸਾਰੇ ਪਿਛੋਕੜ ਦਾ ਅਹਿਸਾਸ ਸੀ ਇਸ ਲਈ ਆਪ ਜੀ ਨੇ ਆਪਣੇ ਕਾਰਜ ਕਾਲ ਦੌਰਾਨ ਆਪ ਦੀਆਂ ਦਿੱਤੀਆਂ ਅਮਿੱਟ ਦਲੀਲਾਂ, ਵਿਆਖਿਆ ਲਿਖਤਾਂ ਤੇ ਪ੍ਰਚਾਰ ਦੇ ਸਾਹਮਣੇ ਇਹ ਪੰਥ ਵਿਰੋਧੀ ਵਿਚਾਰ ਟਿਕ ਨਾ ਸਕੇ। ਆਪ ਜੀ ਨੇ ਸ਼੍ਰੋਮਣੀ ਕਮੇਟੀ ਨਾਲ ਜੁੜੇ ਰਹਿਣ ਦੇ ਦੌਰਾਨ ਜੋ ਕੁਝ ਵੀ ਲਿਖਿਆ ਹੈ ਉਹ ਗੁਰਮਤਿ ਦੇ

ਅਨੁਕੂਲ ਹੈ। ਇਸ ਲਈ ਜੇਕਰ ਕੋਈ ਵੀ ਆਪ ਜੀ ਦੀ ਇਨ੍ਹਾਂ ਲਿਖਤਾਂ ਤੇ ਇਨ੍ਹਾਂ ਵਿੱਚ ਦਿੱਤੇ ਅਸੂਲਾਂ ਦੇ ਵਿਰੋਧ ਕੁਝ ਵੀ ਲਿਖਣ ਦਾ ਉਪਰਾਲਾ ਕਰਦਾ ਹੈ ਤਾਂ ਇਹ ਪ੍ਰਿੰਸੀਪਲ ਸਾਹਿਬ ਦੀਆਂ ਪੰਥ ਪ੍ਰਤੀ ਕੀਤੀਆਂ ਪ੍ਰਵਾਨਤ ਸੇਵਾਵਾਂ ਦਾ ਨਿਰਾਦਰ ਹੀ ਨਹੀਂ ਹੋਵੇਗਾ ਬਲਕਿ ਗੁਰਮਤਿ ਦੀ ਨਿਰਾਦਰੀ ਦੇ ਨਾਲ-ਨਾਲ ਗੁਰੂ ਤੋਂ ਬੇਮੁਖ ਹੋਣ ਵਾਲੀ ਗੱਲ ਹੋਵੇਗੀ। ਆਪ ਜੀ ਦੀ ਇਸ ਦੌਰਾਨ ਕੀਤੀਆਂ ਸੇਵਾਵਾਂ ਲਈ ਪੰਥ ਨੇ ਆਪ ਜੀ ਦਾ ਸਨਮਾਨ ਵੀ ਕੀਤਾ ਅਤੇ ਆਪ ਦੀਆਂ ਇਨ੍ਹਾਂ ਲਿਖਤਾਂ ਨੂੰ ਜੋ ਕਿ ਗੁਰਮਤਿ ਦੇ ਸਹੀ ਦ੍ਰਿਸ਼ਟੀਕੋਣ ਨੂੰ ਪ੍ਰਗਟਾਉਂਦੀ ਹੈ, ਹਮੇਸ਼ਾ ਸਤਿਕਾਰ ਦੀ ਪਾਤਰ ਰਹਿਣਗੀਆਂ।

ਪ੍ਰਿੰਸੀਪਲ ਸਾਹਿਬ ਦੀਆਂ ਲਿਖਤਾਂ ਖ਼ਾਸ ਕਰਕੇ *ਵਿਸ਼ੇਸ਼ ਗੁਰਮਤਿ ਲੇਖ* ਜੋ ਕਿ ਆਪ ਜੀ ਨੇ ਖ਼ੁਦ 1981 ਵਿੱਚ ਛਪਵਾਈ ਸੀ ਤੇ ਦੂਸਰੀ ਪੁਸਤਕ *ਦਸਗੁਰ ਰਤਨਾਵਲੀ* ਦੀ ਦੂਸਰੀ ਛਾਪ ਮਾਰਚ, 1979 ਵਿੱਚ ਸਿੰਘ ਬ੍ਰਦਰਸ, ਸ੍ਰੀ ਅੰਮ੍ਰਿਤਸਰ ਵੱਲੋਂ ਛਪੀ ਸੀ, ਇਨ੍ਹਾਂ ਦੋਨੋਂ ਪੁਸਤਕਾਂ ਦੀ ਪੰਥ ਦੇ ਵਿਦਵਾਨਾਂ ਖ਼ਾਸ ਕਰਕੇ ਡਾ. ਦੀਵਾਨ ਸਿੰਘ ਜੀ, ਗਿ. ਕ੍ਰਿਪਾਲ ਸਿੰਘ ਜੀ ਆਦਿ ਵੱਲੋਂ ਪ੍ਰਸੰਸਾ ਕੀਤੀ ਗਈ ਸੀ। ਪੁਸਤਕ *ਦਸਗੁਰ ਰਤਨਾਵਲੀ* ਦੇ ਮੁੱਖ ਬੰਦ ਵਿੱਚ ਡਾ. ਪਿਆਰ ਸਿੰਘ ਨੇ ਲਿਖਿਆ, '**ਆਪਣੀ ਲਿਖਤ ਦੀ ਪੁਸ਼ਟੀ ਲਈ ਗੁਰੂ ਗੋਬਿੰਦ ਸਿੰਘ ਜੀ ਦੀਆਂ ਆਪਣੀਆਂ ਲਿਖਤਾਂ, ਜਫ਼ਰਨਾਮਾ, ਅਕਾਲ ਉਸਤਤਿ, ਅਤੇ *ਬਚਿਤ੍ਰ ਨਾਟਕ* ਤੋਂ ਟੂਕਾਂ ਦਿੱਤੀਆਂ ਹਨ।**' ਸੋ ਇਨ੍ਹਾਂ ਦੋਨੋਂ ਪੁਸਤਕਾਂ ਵਿੱਚੋਂ ਕੁਝ ਵਿਸ਼ਿਆਂ 'ਤੇ ਆਪ ਜੀ ਦੇ ਵਿਚਾਰ ਇਕੱਠੇ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਤਾਂ ਜੋ ਪ੍ਰਿੰਸੀਪਲ ਸਾਹਿਬ ਦਾ ਸਹੀ ਤੇ ਅਮਲੀ ਰੂਪ ਉਜਾਗਰ ਕੀਤਾ ਜਾਵੇ ਜਿਸ ਤੋਂ ਪਾਠਕ ਜਨ ਅਤੇ ਖ਼ਾਸ ਕਰਕੇ ਨਵੀਂ ਪੀੜ੍ਹੀ ਗੁਰਮਤਿ ਦੇ ਸਹੀ ਸਿਧਾਂਤਾਂ ਦੀ ਰੋਸ਼ਨੀ ਇਨ੍ਹਾਂ ਵਿੱਚੋਂ ਪ੍ਰਾਪਤ ਕਰ ਸਕੇ। ਇਨ੍ਹਆਂ ਲਿਖਤਾਂ ਵਿੱਚ ਦਿੱਤੀਆਂ ਟੂਕਾਂ ਪ੍ਰਿੰਸੀਪਲ ਸਾਹਿਬ ਦੀ ਆਪਣੀ ਕਲਮ ਦਾ ਕ੍ਰਿਸ਼ਮਾ ਹਨ।

**ਦਸਮ ਗ੍ਰੰਥ ਨਹੀਂ ਬਲਕਿ ਸ੍ਰੀ ਦਸਮ ਗ੍ਰੰਥ ਗੁਰੂ ਗ੍ਰੰਥ ਸਾਹਿਬ ਹੈ।**

ਕਿਸੇ ਵੀ ਲਿਖਤ ਜਾਂ ਫ਼ਲਸਫ਼ੇ ਪ੍ਰਤੀ ਵਰਤੇ ਗਏ ਲਫ਼ਜ਼ਾਂ ਤੋਂ ਲਿਖਾਰੀ ਦੇ ਵਿਚਾਰਾਂ ਦਾ ਪ੍ਰਗਟਾਵਾ ਹੋ ਜਾਂਦਾ ਹੈ। ਪ੍ਰਿੰਸੀਪਲ ਹਰਿਭਜਨ ਸਿੰਘ ਜੀ ਨੇ ਆਪਣੀ ਪੁਸਤਕ *ਵਿਸ਼ੇਸ਼ ਗੁਰਮਤਿ ਲੇਖ* ਦੇ ਪੰਨਾ ਨੰਬਰ 38 ਤੇ *ਦਸਮ ਗ੍ਰੰਥ* ਨਹੀਂ ਬਲਕਿ *ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ* ਲਿਖਿਆ ਹੈ। ਇਹ ਆਪ ਜੀ ਦਾ *ਸ੍ਰੀ ਦਸਮ ਗ੍ਰੰਥ ਸਾਹਿਬ* ਪ੍ਰਤੀ ਆਪਦੇ ਅਕੀਦੇ, ਵਿਸ਼ਵਾਸ਼ ਤੇ ਸਤਿਕਾਰ ਦਾ ਲਖਾਇਕ ਹੈ।

ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ ਵੀ *ਸ੍ਰੀ ਗੁਰੂ ਗ੍ਰੰਥ ਸਾਹਿਬ* ਵਿੱਚ ਆਏ ਮੰਗਲਾਂ ਦਾ ਰੂਪ ਪੰਜ ਤਰ੍ਹਾਂ ਦਾ ਹੀ ਮੰਨਦੇ ਹਨ। ਨਾਲ ਹੀ ਉਹ *ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ* ਵਿੱਚ ਹਰ ਥਾਂ ਇਕ ਸਮਾਨ ਆਦਿ, ਮੁਢ ਜਾਂ ਮੂਲ ਵਿੱਚ ਆਏ ਮੰਗਲਾਂ ਦੀ ਗਿਣਤੀ ਤੇ ਸਰੂਪ ਇਸ ਪ੍ਰਕਾਰ ਦੱਸਦੇ ਹਨ।

**ਬੇਨਤੀ ਚੌਪਈ ਗੁਰੂ ਗੋਬਿੰਦ ਸਿੰਘ ਜੀ ਦੀ ਸ੍ਰੀ ਮੁਖਵਾਕ ਬਾਣੀ ਹੈ।**

ਸ੍ਰੀ ਦਸਮੇਸ਼ ਜੀ ਦਾ ਕਥਨ ਹੈ,

***ਜਉ ਉਦਕਰਖ ਕਰਾ ਕਰਤਾਰਾ।***
***ਪ੍ਰਜਾ ਧਰਤ ਤਬ ਦੇਹ ਅਪਾਰਾ॥***
***ਜਬ ਆਕਰਖ ਕਰਤ ਹੋ ਕਬਹੂੰ।***
***ਤੁਮ ਮੈਂ ਮਿਲਤ ਦੇਹ ਧਰ ਸਭਹੂੰ॥ (ਚੌਪਈ)***

*(ਦਸਗੁਰ ਰਤਨਾਵਲੀ, ਪੰਨਾ 67)*

**ਕਾਲ ਹੀ ਅਕਾਲ ਪੁਰਖ ਹੈ।**

ਸ੍ਰੀ ਦਸਮੇਸ਼ ਜੀ ਨੇ ਹੋਰਥੇ ਫੁਰਮਾਇਆ ਹੈ,

***ਜਲ ਕਹਾਂ, ਥਲ ਕਹਾਂ, ਗਗਨ ਕੈ***
***ਬਨਾਏ ਸਭੈ ਕਾਲ ਹੀ ਚਬਾਹਿੰਗੇ॥***

*(ਦਸਗੁਰ ਰਤਨਾਵਲੀ, ਪੰਨਾ 66)*

**ਬਚਿਤ੍ਰ ਨਾਟਕ ਵਿੱਚ ਕਲਗੀਧਰ ਪਿਤਾ ਤੇ ਅਕਾਲ ਪੁਰਖ਼ ਦੇ ਵਿਚਕਾਰ ਵਾਰਤਾਲਾਪ ਹੋਈ।**

ਅਕਾਲ ਪੁਰਖ ਦੇ ਨਿਵਾਜੇ ਸੁਤ ਤੇ ਜਗਤ ਤਮਾਸ਼ਾ ਦੇਖਣ ਆਏ ਪਰਮ ਪੁਰਖ ਵਾਹਿਗੁਰੂ ਜੀ ਦੇ ਤਾਸ-ਸ੍ਰੀ ਗੁਰੂ ਗੋਬਿੰਦ ਸਿੰਘ-ਦੀ ਅਦੁੱਤੀ ਸ਼ਖ਼ਸੀਅਤ........

**ਅਕਾਲ ਪੁਰਖ**-*ਮੈਂ ਆਪਨਾ ਸੁਤ ਤੋਹੇ ਨਿਵਾਜਾ। ਪੰਥ ਪ੍ਰਚੁਰ ਕਰਬੇ ਕੋ ਸਾਜਾ॥*

**ਸਤਿਗੁਰੂ ਜੀ**-*ਮੈਂ ਹੂੰ ਪਰਮ ਪੁਰਖ ਕਾ ਦਾਸਾ। ਦੇਖਣ ਆਯੋ ਜਗਤ ਤਮਾਸਾ। (ਬਚਿੱਤ੍ਰ ਨਾਟਕ)*

*(ਦਸਗੁਰ ਰਤਨਾਵਲੀ, ਪੰਨਾ 181)*

**ਬਚਿੱਤ੍ਰ ਨਾਟਕ ਵਿੱਚ ਅੰਕਿਤ ਕਲਗੀਧਰ ਪਿਤਾ ਦੀ ਆਤਮ ਕਥਾ ਉਨ੍ਹਾਂ ਦੀ ਆਪਣੀ ਰਚਨਾ ਹੈ।**

ਸ੍ਰੀ ਦਸਮੇਸ਼ ਜੀ ਇਸ ਬਿਖਮ ਵਿਸ਼ੇ ਦੀ ਸਪੱਸ਼ਟਤਾ ਕਰਦੇ ਹੋਏ ਫੁਰਮਾਉਂਦੇ ਹਨ ਕਿ ਉਨ੍ਹਾਂ ਦਾ ਸੰਸਾਰ ਵਿੱਚ ਆਉਣ ਦਾ ਕਾਰਨ ਕੇਵਲ ਧਰਮ ਚਲਾਉਣਾ ਹੈ।

***ਹਮ ਇਹ ਕਾਜ ਜਗਤ ਮੋ ਆਏ।***
***ਧਰਮ ਹੇਤ ਗੁਰਦੇਵ ਪਠਾਏ।***
***ਜਹਾਂ ਤਹਾਂ ਤੁਮ ਧਰਮ ਬਿਥਾਰੋ।***
***ਦੁਸਟ ਦੋਖੀਅਨ ਪਕਰਿ ਪਛਾਰੋ॥***
***ਯਾਹੀ ਕਾਜ ਧਰਾ ਹਮ ਜਨਮੰ।***
***ਸਮਝ ਲੇਹੁ ਸਾਧੂ ਸਭ ਮਨਮੰ।***
***ਧਰਮ ਚਲਾਵਨ ਸੰਤ ਉਬਾਰਨ।***
***ਦੁਸਟ ਕੋ ਮੂਲ ਉਪਾਰਨ॥ (ਬਚਿੱਤ੍ਰ ਨਾਟਕ)***

*(ਦਸਗੁਰ ਰਤਨਾਵਲੀ, ਪੰਨਾ 150)*

ਅਤੇ

ਉਨ੍ਹਾਂ ਦੀ ਇਸ ਮਹਾਨ ਘਟਨਾ (ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ) ਤੇ ਅਹਿਮੀਅਤ ਨੂੰ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਜੀਵਨ ਕਥਾ-*ਬਚਿਤ੍ਰ ਨਾਟਕ* ਵਿੱਚ ਇਉਂ ਬਿਆਨ ਕੀਤਾ ਹੈ-

***ਤਿਲਕ ਜੰਞੂ ਰਾਖਾ ਪ੍ਰਭ ਤਾਕਾ।***
***ਕੀਨੋ ਬਡੋ, ਕਲੂ ਮਹਿ ਸਾਕਾ।***
***ਸਾਧਨਿ ਹੇਤਿ, ਇਤੀ ਜਿਨਿ ਕਰੀ।***
***ਸੀਸ ਦੀਆ, ਪਰ ਸੀ ਨ ਉਚਰੀ॥੧੩॥***

ਸ੍ਰੀ ਦਸਮੇਸ਼ ਪਿਤਾ ਜੀ ਦੀ ਉਪਰੋਕਤ ਲਿਖਤ ਤੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਅਦੁੱਤੀ ਸ਼ਹਾਦਤ ਬਾਰੇ ਇਹ ਤੱਥ ਉਘੜ ਕੇ ਸਾਹਮਣੇ ਆਉਂਦੇ ਤੇ ਉਨ੍ਹਾਂ ਵੱਲੋਂ ਕੀਤੀ ਬੇ-ਜੋੜ ਕੁਰਬਾਨੀ ਨੂੰ ਉਜਾਗਰ ਕਰਦੇ ਹਨ। *(ਦਸਗੁਰ ਰਤਨਾਵਲੀ, ਪੰਨਾ 171)*

**ਵਾਰ ਸ੍ਰੀ ਭਗਉਤੀ ਜੀ ਕੀ ਦਸਮੇਸ਼ ਜੀ ਦੀ ਸ੍ਰੀ ਮੁਖ ਵਾਕ ਰਚਨਾ ਹੈ।**

ਸਤਿਗੁਰੂ ਜੀ ਦੀਆਂ ਮਨ ਤੇ ਤਨ ਦਾ ਰੋਗ ਦੂਰ ਕਰਨ ਵਾਲਿਆਂ ਸ਼ਕਤੀਆਂ ਨੂੰ ਅਨੁਭਵ ਕਰਦਿਆਂ ਹੀ ਸ੍ਰੀ ਦਸਮੇਸ਼ ਜੀ ਨੇ ਫ਼ੁਰਮਾਇਆ ਹੈ,

***ਸ੍ਰੀ ਹਰਿ ਕ੍ਰਿਸਨ ਧਿਆਈਐ ਜਿਸ ਡਿਠੈ ਸਭਿ ਦੁਖਿ ਜਾਇ।***

*(ਵਾਰ ਸ੍ਰੀ ਭਗਉਤੀ ਜੀ ਕੀ)*

*(ਦਸਗੁਰ ਰਤਨਾਵਲੀ, ਪੰਨਾ 167)*

**ਬਚਿੱਤ੍ਰ ਨਾਟਕ ਵਿੱਚ ਅੰਕਿਤ 24 ਅਵਤਾਰਾਂ ਦੀ ਰਚਨਾ ਦੇ ਕਰਤਾ ਕਲਗੀਧਰ ਪਿਤਾ ਖ਼ੁਦ ਹਨ।**

ਦਸਵੇਂ ਪਾਤਸ਼ਾਹ ਜੀ, ਦਸਮ ਗ੍ਰੰਥ, 24 ਅਵਤਾਰ ਦੀ ਭੂਮਿਕਾ ਵਿੱਚ, ਇਸ ਸੱਚਾਈ ਨੂੰ ਇਵੇਂ ਸਪੱਸ਼ਟ ਕਰਦੇ ਅਤੇ ਇਸ ਨਾਤੇ ਅਕਾਲ ਨੂੰ ਬਲੀ ਕਾਲ ਦੀ ਸੰਗਿਆ ਦਿੰਦੇ ਹਨ-

***ਕਾਲ ਸਭਨ ਕਾ ਕਰਤ ਪਸਾਰਾ॥***

***ਅੰਤ ਕਾਲ ਸੋਈ ਖਾਪਨ ਹਾਰਾ॥***
***ਆਪਨ ਰੂਪ ਅਨੰਤਨ ਧਹ ਹੀ॥***
***ਆਪਹਿ ਮੱਧ ਲੀਨ ਪੁਨ ਕਰਹੀ॥***
***ਅੰਤ ਕਰਤ ਸਭ ਜਗ ਕੋ ਕਾਲਾ।***
***ਨਾਮ ਕਾਲ ਤਾਂ ਤੇ ਜਗ ਡਾਲਾ।***

*(ਦਸਗੁਰ ਰਤਨਾਵਲੀ, ਪੰਨਾ 65)*

ਸ੍ਰੀ ਦਸਮੇਸ਼ ਜੀ ਨੇ ਹੋਰ ਥੇ ਫੁਰਮਾਇਆ ਹੈ,

***ਜਲ ਕਹਾਂ, ਥਲ ਕਹਾਂ, ਗਗਨ ਕੈ***
***ਬਣਾਏ ਸਭੈ ਗਾਲ ਹੀ ਚਬਾਹਿੰਗੇ॥***

*(ਦਸਗੁਰ ਰਤਨਾਵਲੀ, ਪੰਨਾ 66)*

**ਬਚਿੱਤ੍ਰ ਨਾਟਕ ਕਲਗੀਧਰ ਪਿਤਾ ਦੀ ਆਪਣੀ ਰਚਨਾ ਹੈ**

.....ਗੁਰਬਾਣੀ ਦੇ ਇਹ ਕੁਝ ਕੁ ਪ੍ਰਮਾਣ ਇਸ ਗੱਲ ਦੀ ਭਰਵੀ ਸ਼ਾਹਦੀ ਭਰਦੇ ਹਨ–

***ਇਹ ਕਾਰਨ ਪ੍ਰਭੂ ਮੋਹਿ ਪਠਾਯੋ।***
***ਤਬ ਮੈ ਜਗਤ ਧਰਿ ਆਯੋ।***
***ਜਿਮ ਤਿਨ ਕਹੀ ਤਿਨੈ ਤਿਮ ਕਹਿਉਂ।***
***ਓਰ ਕਿਸੂ ਤੇ ਵੈਰ ਨ ਗਹਿਹੋ। (ਬਚਿੱਤ੍ਰ ਨਾਟਕ)***

*(ਵਿਸ਼ੇਸ਼ ਗੁਰਮਤਿ ਲੇਖ, ਪੰਨਾ 82)*

ਕੇਵਲ ਇਹ ਇਕ ਪ੍ਰਤੱਖ ਪ੍ਰਮਾਣ ਹੀ ਇਹ ਸਿੱਧ ਕਰਨ ਲਈ ਕਾਫ਼ੀ ਹੈ ਕਿ ਗੁਰੂ ਸਾਹਿਬਾਨ ਜੋਤਿ ਤੇ ਜੁਗਤੀ ਕਰਕੇ ਇਕਮਿਕ ਤੇ ਸ਼ਬਦ-ਸਰੂਪ ਹਨ। ਫਿਰ ਵੀ ਇਸ ਅਤਿ ਅਹਿਮ ਨੁਕਤੇ ਦੀ ਪੁਸ਼ਟੀ ਲਈ ਕੁਝ ਕੁ ਹੋਰ ਪ੍ਰਮਾਣ ਦੇਣੇ ਯੋਗ ਸਮਝੇ ਗਏ ਹਨ,

***ਨਾਨਕ ਅੰਗਦ ਕੋ ਬਪੁ ਧਰਾ।***
***ਧਰਮ ਪਰਚੁਰ ਇਹ ਜਗ ਮੋ ਕਰਾ॥(ਬਚਿੱਤ੍ਰ ਨਾਟਕ)***

*(ਵਿਸ਼ੇਸ਼ ਗੁਰਮਤਿ ਲੇਖ, ਪੰਨਾ 92)*

ਇਤਿਹਾਸਕ ਪਮਾਣਾਂ ਤੋਂ ਵੀ ਵਧੇਰੇ ਵਜ਼ਨੀ ਤੇ ਅਕੱਟ ਪ੍ਰਮਾਣ ਗੁਰਬਾਣੀ ਤੇ ਉਪਬਾਣੀਆਂ ਵਿੱਚੋਂ ਪ੍ਰਾਪਤ ਹੁੰਦੇ ਹਨ। ਵੰਨਗੀ ਹਾਜ਼ਰ ਹੈ–

***ਨਾਨਕ ਅੰਗਦ ਕੋ ਬਪੁ ਧਰਾ॥***
***ਧਰਮ ਪਰਚੁਰ ਇਹ ਜਗ ਮੋ ਕਰਾ।(ਬਚਿੱਤ੍ਰ ਨਾਟਕ)***

*(ਵਿਸ਼ੇਸ਼ ਗੁਰਮਤਿ ਲੇਖ, ਪੰਨਾ 117)*

**ਚਰਿਤ੍ਰੋਪਾਖਿਯਾਨ ਕਲਗੀਧਰ ਪਿਤਾ ਦੀ ਉਚਾਰੀ ਬਾਣੀ ਹੈ।**

ਪ੍ਰਿ. ਹਰਿਭਜਨ ਸਿੰਘ ਜੀ *ਸ੍ਰੀ ਦਸਮ ਗ੍ਰੰਥ ਸਾਹਿਬ* ਵਿੱਚ ਅੰਕਿਤ ਸਾਹਿਤਕ ਰਚਨਾ ਗ੍ਰੰਥ *ਚਰਿਤ੍ਰੋ ਪਾਖਯਾਨ* ਨੂੰ ਕਲਗੀਧਰ ਪਿਤਾ ਦੀ ਆਪਣੀ ਰਚਨਾ ਮੰਨਦੇ ਸਨ। ਇਸ ਲਈ ਅਗਸਤ, 1972 ਦੇ ਗੁਰਦੁਆਰਾ ਗਜ਼ਟ ਦੇ ਪੰਨਾ 35 'ਤੇ ਅਨੰਦ ਵਿਵਾਹ ਸਿਰਲੇਖ ਹੇਠ ਆਪ ਜੀ ਨੇ ਲਿਖਿਆ–

ਸਿੱਖੀ ਵਿੱਚ ਇਸਤ੍ਰੀ ਪ੍ਰਤਿ ਧਰਮ ਅਥਵਾ ਸੱਚੇ ਅਚਾਰ ਨੂੰ ਧਰਮ ਦਾ ਇੰਨਾ ਅਹਿਮ ਅੰਗ ਮੰਨਿਆ ਗਿਆ ਹੈ ਕਿ ਪਰ ਇਸਤ੍ਰੀ ਗਾਮੀ ਨੂੰ ਸਿੱਖੀ ਤੋਂ ਹੀ ਪਤਿਤ ਕਰਾਰ ਦੇ ਦਿੱਤਾ ਗਿਆ ਹੈ। ਸ੍ਰੀ ਦਸਮੇਸ਼ ਜੀ ਦੇ ਇਸ ਸਬੰਧ ਵਿੱਚ ਉਚਰੇ ਆਪਣੇ ਬਚਨ ਖ਼ਾਸ ਧਿਆਨ ਦੇਣ ਯੋਗ ਹਨ–

***ਸੁਧਿ ਜਬ ਤੇ ਹਮ ਧਰੀ ਬਚਨ ਗੁਰ ਦਏ ਹਮਾਰੇ।***
***ਪੂਤ ਇਹੈ ਪ੍ਰਣ ਤੋਹਿ, ਪ੍ਰਾਨ ਲਗ ਜਬ ਘਟ ਥਾਰੇ।***
***ਨਿਜ ਨਾਰੀ ਕੇ ਸਾਥ ਨੇਹੁ ਤੁਮ ਨਿੱਤ ਬਢੈਯਹੁ॥***
***ਪਰ ਨਾਰੀ ਕੀ ਸੇਜ ਭੂਲ ਸੁਪਨੇ ਹੂੰ ਨ ਜੈਯਹੁ॥***

**ਗੁਰੂ ਤੇਗ ਬਹਾਦੁਰ ਸਾਹਿਬ ਨੇ ਭਾਰੀ ਤਪੱਸਿਆ ਸਾਧੀ।**

ਉਨ੍ਹਾਂ ਨੇ ਕਰਤਾਰਪੁਰ ਦੀ ਜੰਗ ਵਿੱਚ ਤੇਗ ਦੇ ਜੌਹਰ ਦਿਖਾਉਣ ਤੇ ਪਿਤਾ ਗੁਰੂ ਹਰਿਗੋਬਿੰਦ ਸਾਹਿਬ ਦੀ ਪ੍ਰਸੰਸਾ ਤੇ ਥਾਪੜਾ ਲੈਣ ਉਪਰੰਤ 20 ਸਾਲ 9 ਮਹੀਨੇ ਅਤੇ 13 ਦਿਨ ਬਕਾਲੇ ਵਿਖੇ ਭਾਰੀ ਤਪੱਸਿਆ ਸਾਧੀ।

*(ਦਸਗੁਰ ਰਤਨਾਵਲੀ, ਪੰਨਾ 175)*

**ਗੁਰੂ ਸਾਹਿਬ ਮਹਾਨ ਤਪੱਸਵੀ ਤੇ ਦੁਸ਼ਟ ਦਮਨ ਸਨ।**

ਅੰਤ ਵਿੱਚ, ਐਸੇ ਦਿਆਲੂ, ਬ੍ਰਹਮ ਗਿਆਨੀ, ਤਪੱਸਵੀ, ਵੈਰਾਗੀ, ਉਪਕਾਰੀ ਅਤੇ ਸ਼ਹੀਦ ਸਤਿਗੁਰੂ ਨੂੰ, ਜਿਨ੍ਹਾਂ ਨੇ ਸੰਸਾਰ ਨੂੰ ਆਪਣੇ ਕਲਿਆਣਕਾਰੀ ਦੈਵੀ ਤੇ ਅਮਰ ਉਪਦੇਸ਼ਾਂ ਤੇ ਅਦੁੱਤੀ ਸ਼ਹਾਦਤ ਤੋਂ ਛੁਟ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਿਹੇ ਮਹਾਂਬਲੀ ਸੂਰਮੇ, ਦੁਸ਼ਟ ਦਮਨ ਤੇ ਸਰਬੰਸ ਦਾਨੀ ਸਪੁੱਤਰ ਦੀ ਦਾਤ ਬਖ਼ਸ਼ੀ, ਨਮਸਕਾਰ ਹੈ। ਬਰੰਬਾਰ ਨਮਸਕਾਰ!!

*(ਦਸਗੁਰ ਰਤਨਾਵਲੀ, ਪੰਨਾ 178)*

**ਬਚਿੱਤ੍ਰ ਨਾਟਕ ਵਿੱਚ ਅੰਕਿਤ ਕਲਗੀਧਰ ਪਿਤਾ ਦਾ ਉਦੇਸ਼ ਉਨ੍ਹਾਂ ਦਾ ਆਪਣਾ ਮਹਾਂਵਾਕ ਹੈ।**

ਅੰਤ ਵਿੱਚ ਅਸੀਂ ਸ੍ਰੀ ਹਜ਼ੂਰ ਦਾ ਆਪਣਾ ਮਹਾਂਵਾਕ ਵੀ ਹਵਾਲੇ ਵਜੋਂ ਅੰਕਿਤ ਕਰਦੇ ਹਾਂ- ਫੁਰਮਾਨ ਹੈ–

***ਹਰਿ ਹਰਿ ਜਨ ਦੋਇ ਏਕ ਹਹਿ,***
***ਬਿਬ ਬਿਚਾਰ ਕਛੁ ਨਾਹਿ॥***
***ਜਲ ਤੇ ਉਪਜ ਤਰੰਗ ਜਿਉ,***
***ਜਲ ਹੀ ਬਿਖੈ ਸਮਾਹਿ॥(ਬਚਿੱਤ੍ਰ ਨਾਟਕ)***

*(ਦਸਗੁਰ ਰਤਨਾਵਲੀ, ਪੰਨਾ 218)*

ਸੋ ਇਸ ਪਿਛੋਕੜ ਵਿੱਚ *ਸ੍ਰੀ ਦਸਮ ਗ੍ਰੰਥ ਸਾਹਿਬ* ਬਾਰੇ ਪ੍ਰਿੰਸੀਪਲ ਹਰਿਭਜਨ ਸਿੰਘ ਜੀ ਦੇ ਸਪੱਸ਼ਟ ਅਤੇ ਗੁਰਮਤਿ ਵਿਚਾਰਾਂ ਦੀ ਰੌਸ਼ਨੀ ਵਿੱਚ ਕਿਸੇ ਹੋਰ ਭਰਮ ਭੁਲੇਖੇ ਦੀ ਗੁੰਜਾਇਸ਼ ਹੀ ਨਹੀਂ ਰਹਿ ਜਾਂਦੀ। ਇਨ੍ਹਾਂ ਪੰਥ ਪ੍ਰਵਾਨਤ ਵਿਚਾਰਾਂ ਦਾ ਪ੍ਰਚਾਰ ਪ੍ਰਸਾਰ ਹੀ ਪ੍ਰਿੰਸੀਪਲ ਸਾਹਿਬ ਨੂੰ ਸੱਚੀ ਸ਼ਰਧਾਂਜਲੀ ਹੈ। ਇਸ ਲਈ ਕਲਮ ਤੇ ਤੇਗ ਦੇ ਧਨੀ ਗੁਰ ਪਰਮੇਸੁਰ ਰੱਬੀ ਲਿਖਾਰੀ ਕਲਗੀਆਂ ਵਾਲੇ ਦੇ ਦਰ ਤੋਂ ਨਿੱਤ ਅਰਦਾਸ ਵਿੱਚ ਮੰਗੇ ਜਾਂਦੇ ਬਿਬੇਕ ਦਾਨ, ਭਰੋਸਾ ਦਾਨ ਦੀ ਖ਼ੈਰ ਝੋਲੀ ਵਿੱਚ ਪਵਾਣ ਦੀ ਅਰਦਾਸ ਕਰੀਏ ਅਤੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੀਏ।

***ਧਨੁ ਲੇਖਾਰੀ ਨਾਨਕਾ ਪਿਆਰੇ ਸਾਚੁ ਲਿਖੈ ਉਰਿ ਧਾਰਿ॥***

*(ਗੁਰੂ ਗ੍ਰੰਥ ਸਾਹਿਬ, ਪੰਨਾ 636)*

✤✤✤